# ਨਮੂਨੇ ਦਾ ਪਸ਼ਨ-ਪੱਤਰ
## ਜਮਾਤ-ਬਾਰ੍ਹਵੀਂ
## ਪੰਜਾਬੀ ਚੋਣਵੀਂ
## ਟਰਮ-2 (ਫਰਵਰੀ-ਮਾਰਚ, 2022)
## 2021-2022

ਸਮਾਂ: 3 ਘੰਟੇ ਲਿਖਤੀ = 40 ਅੰਕ

ਨੋਟ:

1. 02 ਅੰਕ ਸੁੰਦਰ ਲਿਖਾਈ ਲਈ ਨਿਰਧਾਰਿਤ ਕੀਤੇ ਗਏ ਹਨ।
2. ਪ੍ਰਸ਼ਨ-ਪੱਤਰ ਦੇ ਕੁੱਲ 8 ਪ੍ਰਸ਼ਨ ਹੋਣਗੇ।
3. ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹੋਣਗੇ।

**ਪ੍ਰਸ਼ਨ ਨੰ: 1. ਇਹ ਪ੍ਰਸ਼ਨ ਸੁੰਦਰ ਲਿਖਾਈ ਦੇ ਅੰਕਾਂ ਲਈ ਰਾਖਵਾਂ ਹੋਵੇਗਾ।** **2 ਅੰਕ**

**ਪ੍ਰਸ਼ਨ ਨੰ:2 .ਵਸਤੂਨਿਸ਼ਠ ਪ੍ਰਸ਼ਨ (ਕੁੱਲ ਪੰਜ ਪ੍ਰਸ਼ਨ):**

**ਇੱਕ-ਦੋ ਸ਼ਬਦਾਂ ਵਿੱਚ ਉੱਤਰ ਦਿਉ:**

(ੳ) 'ਕੋਈ ਬੋਲੈ ਰਾਮ ਰਾਮ ਕੋਈ ਖੁਦਾਇ' ਕਿਸ ਗੁਰੂ ਸਾਹਿਬ ਜੀ ਦੀ ਰਚਨਾ ਹੈ?

(ਅ) ਬੁਲ੍ਹੇ ਸ਼ਾਹ ਦਾ ਮੁਰਸ਼ਦ ਕੌਣ ਸੀ?

**ਸਹੀ/ਗ਼ਲਤ ਵਿੱਚੋਂ ਸਹੀ ਉੱਤਰ ਚੁਣੋ:**

(ੲ) 'ਪ੍ਰਭਜੋਤ ਕੌਰ ਦੇ ਜਨਮ ਸਮੇਂ ਉਸ ਦੇ ਦਾਦੇ ਨੇ ਬਹੁਤ ਬੁਰਾ ਮਨਾਇਆ।'ਕੀ ਇਹ ਕਥਨ ਸਹੀ ਹੈ?

(i) ਸਹੀ (ii) ਗ਼ਲਤ

(ਸ) 'ਲੋਕਧਾਰਾ ਨੂੰ ਇਕੱਤਰ ਕਰਨ ਵਿੱਚ ਲੇਖਕ ਨੂੰ ਬਹੁਤੀ ਸਮੱਗਰੀ ਸ਼ਰਨਾਰਥੀਆਂ ਤੋਂ ਮਿਲੀ।' 'ਕੀ ਇਹ ਕਥਨ ਸਹੀ ਹੈ?

(i) ਸਹੀ (ii) ਗ਼ਲਤ

**ਖ਼ਾਲੀ ਥਾਂ ਭਰੋ:**

(ਹ) ਬੈਂਤ ਦੀ ਹਰੇਕ ਤੁਕ ______________ਮਾਤਰਾਂ ਦੀ ਹੁੰਦੀ ਹੈ।

(i) 20 (ii) 40

**5*1=5 ਅੰਕ**

**ਪ੍ਰਸ਼ਨ ਨੰ: 3. ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਾਹਿਤ ਵਿਆਖਿਆ ਕਰੋ:**

(ੳ) ਜਿਸ ਪਾਇਆ ਭੇਤ ਕਲੰਦਰ ਦਾ,ਰਾਹ ਖੋਜਿਆ ਆਪਣੇ ਅੰਦਰ ਦਾ।
ਉਹ ਵਾਸੀ ਹੈ ਸੁਖ ਮੰਦਰ ਦਾ, ਜਿੱਥੇ ਕੋਈ ਚੜ੍ਹਦੀ ਲਹਿੰਦੀ ਹੈ।
ਮੂੰਹ ਆਈ ਬਾਤ ਨਾ ਰਹਿੰਦੀ ਏ।

(ਅ) ਸਤਿਗੁਰ ਨੋ ਸਭ ਲੋਚਦਾ ਜੇਤਾ ਜਗਤੁ ਸਭੁ ਕੋਇ।।
ਬਿਨ ਭਾਗਾ ਦਰਸਨੁ ਨ ਥੀਐ ਭਾਗਹੀਣ ਬਹਿ ਰੋਇ।।
ਜੇ ਹਰਿ ਪ੍ਰਭ ਭਾਣਾ ਸੋ ਥੀਆ ਧੁਰ ਲਿਖਿਆ ਨ ਮੇਟੈ ਕੋਇ।।

**1*5=5 ਅੰਕ**

**ਪ੍ਰਸ਼ਨ ਨੰ: 4.. ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ ਇੱਕ ਦਾ ਕੇਂਦਰੀ ਭਾਵ ਲਿਖੋ:**

(ੳ) ਸਚ ਅਤੇ ਕੂੜ (ਭਾਈ ਗੁਰਦਾਸ)

(ਅ) ਸ਼ਹੁ ਰਾਂਝਾ ਅਲਬੇਲਾ (ਖ਼ਵਾਜ਼ਾ ਗ਼ੁਲਾਮ ਫ਼ਰੀਦ)

**1*4=4 ਅੰਕ**

**ਪ੍ਰਸ਼ਨ ਨੰ: 5.** ਕਿੱਸਾ ਕਾਵਿ ਦੇ ਮੁੱਢ ਅਤੇ ਵਿਕਾਸ ਬਾਰੇ ਦੱਸੋ।

**ਜਾਂ**

ਪੰਜਾਬੀ ਬੀਰ ਕਾਵਿ-ਧਾਰਾ ਦੀਆਂ ਪ੍ਰਾਪਤੀਆਂ ਸੰਬੰਧੀ ਸੰਖੇਪ ਵਿੱਚ ਲਿਖੋ।

**1*6=6 ਅੰਕ**

**ਪ੍ਰਸ਼ਨ ਨੰ: 6. 'ਆਪ ਬੀਤੀਆਂ' ਪੁਸਤਕ ਦੇ ਆਧਾਰ ਤੇ ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਦਿਉ:**

(ੳ) ਅੰਮ੍ਰਿਤਾ ਪ੍ਰੀਤਮ ਦੇ ਪਿਤਾ ਦੇ ਮੱਥੇ ਉੱਤੇ ਤਿਊੜੀ ਕਿਉਂ ਪੈ ਗਈ ਸੀ?

(ਅ) ਡਾ. ਜਸਵੰਤ ਸਿੰਘ ਨੇਕੀ ਨੇ ਚੰਡੀਗੜ੍ਹ ਕਿੰਨੇ ਸਾਲ ਕੰਮ ਕੀਤਾ? ਇੱਥੇ ਰਹਿੰਦਿਆਂ ਉਸ ਦੀ ਜ਼ਿੰਦਗੀ ਕਿਸ ਤਰ੍ਹਾਂ ਦੀ ਸੀ?

(ੲ) 'ਮੁੜਕੇ ਦੀ ਖ਼ੁਸ਼ਬੋ' ਸਵੈ-ਜੀਵਨੀ ਅੰਸ਼ ਤੋਂ ਤੁਹਾਨੂੰ ਕੀ ਸਿੱਖਿਆ ਅਤੇ ਪ੍ਰੇਰਨਾ ਮਿਲਦੀ ਹੈ?

(ਸ) ਅਜੀਤ ਕੌਰ ਆਪਣੀਆਂ ਧੀਆਂ ਨੂੰ ਆਪਣੇ ਖੰਭ, ਹਮਰਾਜ਼ ਤੇ ਦੋਸਤ ਕਿਉਂ ਕਹਿੰਦੀ ਹੈ?

**2*4=8 ਅੰਕ**

**ਪ੍ਰਸ਼ਨ ਨੰ: 7. ਹੇਠ ਲਿਖਿਆ ਵਿੱਚੋਂ ਕਿਸੇ ਇੱਕ ਸਾਹਿਤ ਰੂਪ ਉੱਤੇ ਨੋਟ ਲਿਖੋ:**

(ੳ) ਨਿਬੰਧ (ਅ) ਸਵੈ-ਜੀਵਨੀ (ੲ) ਸਫ਼ਰਨਾਮਾ

**1+4+1=6 ਅੰਕ**

**ਪ੍ਰਸ਼ਨ ਨੰ: 8. ਹੇਠ ਲਿਖਿਆ ਵਿੱਚੋਂ ਕਿਸੇ ਇੱਕ ਦੀ ਉਦਾਹਰਨ ਸਹਿਤ ਪਰਿਭਾਸ਼ਾ ਲਿਖੋ:**

ਅਤਿਕਥਨੀ ਅਲੰਕਾਰ, ਬੈਂਤ ਛੰਦ ਜਾਂ ਅਦਭੁਤ ਰਸ

**1*4=4 ਅੰਕ**

-----0-----